ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

ਰੇਡੀਓ

ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ 28 ਨਵੰਬਰ ਨੂੰ ਸ਼ਾਮ 4.00 ਤੋਂ 6.00 ਵਜੇ ਤੱਕ ਭਾਈ ਜਤਿੰਦਰਪਾਲ ਸਿੰਘ ਅਤੇ 29 ਨਵੰਬਰ ਨੂੰ ਸਵੇਰੇ 4.00 ਤੋਂ 6.00 ਵਜੇ ਤੱਕ ਭਾਈ ਜਗਤਾਰ ਸਿੰਘ ਰਾ 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

ਪੀ. ਟੀ. ਸੀ.

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 28 ਨਵੰਬਰ ਨੂੰ ਸ਼ਾਮ 4.30 ਤੋਂ 6.30 ਵਜੇ ਤੱਕ ਭਾਈ ਜਤਿੰਦਰਪਾਲ ਸਿੰਘ ਤੇ ਭਾਈ ਜੁਝਾਰ ਸਿੰਘ ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' ਭਾਈ ਤਜਿੰਦਰ ਸਿੰਘ ਤੇ 29 ਨਵੰਬਰ ਨੂੰ ਸਵੇਰੇ 3.55 ਵਜੇ ਤੋਂ 7.45 ਵਜੇ ਤੱਕ ਭਾਈ ਜਗਤਾਰ ਸਿੰਘ ਰਾ ਤੇ ਭਾਈ ਨਵਨੀਤ ਸਿੰਘ ਕੀਰਤਨ ਕਰਨਗੇ।

ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 3.55 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 6.00 ਵਜੇ ਤੋਂ 8.00 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।

ਮੁੱਖ ਵਾਕ ਦੀ ਕਥਾ : 28 ਨਵੰਬਰ ਨੂੰ ਭਾਈ ਸਾਹਿਬ ਭਾਈ ਹਰਪਾਲ ਸਿੰਘ ਮੁੱਖ ਗ੍ਰੰਥੀ ਗੁ: ਸ੍ਰੀ ਫ਼ਤਹਿਗੜ੍ਹ ਸਾਹਿਬ ਤੇ 29 ਨਵੰਬਰ ਨੂੰ ਗਿਆਨੀ ਸੰਤੋਖ ਸਿੰਘ ਸੁਰਸਿੰਘ, ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

ਦਸਮੇਸ਼ ਪਬਲਿਕ ਸੀ.ਸੈ. ਸਕੂਲ ਬਿਲਾਸਪੁਰ ਵਿਖੇ ਸੰਵਿਧਾਨ ਦਿਵਸ ਮਨਾਉਣ ਸਮੇਂ ਅਧਿਆਪਕ ਤੇ ਵਲੰਟੀਅਰ। ਤਸਵੀਰ : ਪਲਵਿੰਦਰ ਸਿੰਘ ਟਿਵਾਣਾ

ਦਸਮੇਸ਼ ਸਕੂਲ ਬਿਲਾਸਪੁਰ 'ਚ ਮਨਾਇਆ ਸੰਵਿਧਾਨ ਦਿਵਸ

ਨਿਹਾਲ ਸਿੰਘ ਵਾਲਾ, 27 ਨਵੰਬਰ (ਪਲਵਿੰਦਰ ਸਿੰਘ ਟਿਵਾਣਾ)-ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਜ਼ਿਲ੍ਹਾ ਮੋਗਾ ਦਵਿੰਦਰ ਸਿੰਘ ਲੋਟੇ ਤੇ ਮੈਡਮ ਤਰਨਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਭਾਈ ਘਨੱਈਆ ਕੌਮੀ ਸੇਵਾ ਯੋਜਨਾ ਯੂਨਿਟ ਦੇ ਵਲੰਟੀਅਰਾਂ ਵਲੋਂ ਨਾਮਵਰ ਸੰਸਥਾ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਿਲਾਸਪੁਰ ਵਿਖੇ ਸੰਵਿਧਾਨ ਦਿਵਸ ਉਤਸ਼ਾਹ ਪੂਰਵਕ ਮਨਾਇਆ ਗਿਆ। ਵਲੰਟੀਅਰਾਂ ਤੇ ਅਧਿਆਪਕਾਂ ਨੇ ਹਮਾਰਾ ਸੰਵਿਧਾਨ-ਹਮਾਰਾ ਸਭਾਵਿਮਾਨ ਥੀਮ 'ਤੇ ਆਧਾਰਿਤ ਵਿਚਾਰ ਚਰਚਾ ਕੀਤੀ। ਪ੍ਰੋਗਰਾਮ ਅਫ਼ਸਰ ਗੁਰਚਰਨ ਸਿੰਘ ਰਾਮਾਂ ਨੇ ਸਮਾਗਮ ਦਾ ਆਗਾਜ਼ ਕਰਦਿਆਂ ਦੱਸਿਆ ਕਿ 15 ਅਗਸਤ 1947 ਨੂੰ ਦੇਸ਼ ਆਜ਼ਾਦ ਹੋਣ ਉਪਰੰਤ ਡਾ. ਭੀਮ ਰਾਓ ਅੰਬੇਡਕਰ ਦੀ ਅਗਵਾਈ ਹੇਠ ਦੇਸ਼ ਦੀ ਵਿਧਾਨ ਘੜਨੀ ਸਭਾ ਨੇ 26 ਨਵੰਬਰ 1949 ਨੂੰ ਸੰਵਿਧਾਨ ਸੰਪੂਰਨ ਕੀਤਾ ਜੋ ਕਿ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਪ੍ਰਿੰਸੀਪਲ ਮਹਿੰਦਰ ਕੌਰ ਢਿੱਲੋਂ ਨੇ ਦੱਸਿਆ ਕਿ ਆਜ਼ਾਦ ਭਾਰਤ ਦਾ ਸਮੁੱਚਾ ਪ੍ਰਬੰਧ ਸਾਡੇ ਸੰਵਿਧਾਨ ਦੇ ਅਨੁਸਾਰ ਚੱਲਦਾ ਹੈ ਜੋ ਕਿ ਦੁਨੀਆ ਦਾ ਸਭ ਤੋਂ ਲੰਬਾ ਅਤੇ ਲਿਖਤੀ ਸੰਵਿਧਾਨ ਹੈ। ਬਾਨੀ ਪ੍ਰਿੰਸੀਪਲ ਭੁਪਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਹਰ ਵਲੰਟੀਅਰ ਨੂੰ ਸੰਵਿਧਾਨ ਨੂੰ ਸਮਝਣਾ ਚਾਹੀਦਾ ਹੈ ਅਤੇ ਜ਼ਿੰਮੇਵਾਰ ਨਾਗਰਿਕ ਬਣ ਕੇ ਇਸ ਦੀ ਭਾਵਨਾ ਅਨੁਸਾਰ ਚੱਲਣਾ ਚਾਹੀਦਾ ਹੈ। ਵਾਈਸ ਪ੍ਰਿੰਸੀਪਲ ਮੈਡਮ ਮੀਨਾ ਜੈਨ ਨੇ ਕਿਹਾ ਕਿ ਜੇਕਰ ਸੰਵਿਧਾਨ ਸਾਨੂੰ ਬਹੁਤ ਸਾਰੇ ਅਧਿਕਾਰ ਦਿੰਦਾ ਹੈ ਤਾਂ ਸਾਡੇ ਲਈ ਫ਼ਰਜ਼ਾਂ ਦੀ ਪਾਲਣਾ ਕਰਨੀ ਵੀ ਜ਼ਰੂਰੀ ਹੈ ਤਾਂ ਕਿ ਸਾਰੇ ਆਜ਼ਾਦੀ ਦੀ ਨਿੱਘ ਮਾਣ ਸਕਣ। ਇਸ ਮੌਕੇ ਨਮਨਦੀਪ ਕੌਰ, ਰੁਪਿੰਦਰ ਕੌਰ, ਕੋਮਲਵੀਰ ਕੌਰ, ਜੈਦੀਪ ਸਿੰਘ, ਬੀਰਦਵਿੰਦਰ ਸਿੰਘ ਆਦਿ ਵਲੰਟੀਅਰਾਂ ਨੇ ਵੀ ਭਾਸ਼ਣ ਮੁਕਾਬਲੇ ਵਿਚ ਭਾਗ ਲਿਆ।

ਗਿਆਨੀ ਗੁਰਮੀਤ ਸਿੰਘ ਕਥਾ ਵਿਚਾਰ ਕਰਦੇ ਹੋਏ ਤੇ ਹਾਜ਼ਰ ਸੰਗਤਾਂ। ਤਸਵੀਰ : ਨਵਦੀਪ ਸਿੰਘ

ਗੁਰਮੀਤ ਸਿੰਘ ਖ਼ਾਲਸਾ ਲੰਗੋਆਣਾ ਪੁਰਾਣਾ ਵਿਖੇ ਚੌਥੇ ਦਿਨ ਦੀਵਾਨਾਂ ਸਮੇਂ ਪਹੁੰਚੇ

ਨੱਥੂਵਾਲਾ ਗਰਬੀ, 27 ਨਵੰਬਰ (ਨਵਦੀਪ ਸਿੰਘ)-ਗੁਰਦੁਆਰਾ ਹਰਗੋਬਿੰਦਸਰ ਸਾਹਿਬ ਲੰਗੋਆਣਾ ਪੁਰਾਣਾ ਵਿਖੇ ਚੱਲ ਰਹੇ ਸਾਲਾਨਾ ਸਮਾਗਮ ਤੇ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸਮਾਗਮ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਤੇ ਬਾਬਾ ਪ੍ਰਤਾਪ ਸਿੰਘ ਜੀ ਤੇ ਗ੍ਰੰਥੀ ਭਾਈ ਵੀਰ ਸਿੰਘ ਜੀ ਦੀ ਸਾਲਾਨਾ ਬਰਸੀ ਮਨਾਉਂਦਿਆਂ ਚੌਥੀ ਰਾਤ ਦੇ ਦੀਵਾਨਾਂ 'ਚ ਗਿਆਨੀ ਗੁਰਮੀਤ ਸਿੰਘ ਦਮਦਮੀ ਟਕਸਾਲ ਸ੍ਰੀ ਖਡੂਰ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਸਮਾਗਮ ਨੂੰ ਮੁੱਖ ਰੱਖਦਿਆਂ ਵੱਡੀ ਗਿਣਤੀ 'ਚ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਪਹੁੰਚੀਆਂ।

ਬਸੰਤ ਸਿੰਘ ਬਿੱਲੂ ਸੇਖਾ ਕਲਾਂ ਨਮਿਤ ਅੰਤਿਮ ਅਰਦਾਸ ਅੱਜ

ਠੱਠੀ ਭਾਈ-ਪਿੰਡ ਸੇਖਾ ਕਲਾਂ ਦੇ ਯੂਥ ਕਾਂਗਰਸੀ ਆਗੂ ਲਖਵੀਰ ਸਿੰਘ ਲੱਖਾ ਸਿੱਧੂ ਦੇ ਪਿਤਾ ਕਾਂਗਰਸੀ ਆਗੂ ਬਸੰਤ ਸਿੰਘ ਬਿੱਲੂ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪਿੰਡ ਤੇ ਇਲਾਕੇ ਵਿਚ ਸ਼ੋਕ ਦੀ ਲਹਿਰ ਦੌੜ ਗਈ ਹੈ। ਬਸੰਤ ਸਿੰਘ ਬਿੱਲੂ ਦੀ ਮੌਤ 'ਤੇ ਹਲਕੇ ਦੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਤੇ ਸਮਾਜ ਸੇਵੀਆਂ ਵਲੋਂ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਬਸੰਤ ਸਿੰਘ ਬਿੱਲੂ ਨਮਿਤ ਰੱਖੇ ਹੋਏ ਸਹਿਜ ਪਾਠ ਦਾ ਭੋਗ ਤੇ ਅੰਤਿਮ ਅਰਦਾਸ 28 ਨਵੰਬਰ 2025 ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਜਸਪਲਾਣਾ ਸਾਹਿਬ, ਪਿੰਡ ਸੇਖਾ ਕਲਾਂ ਵਿਖੇ ਦੁਪਹਿਰ 12:30 ਤੋਂ 1:00 ਵਜੇ ਦਰਮਿਆਨ ਕੀਤੀ ਜਾਵੇਗੀ।

-ਜਗਰੂਪ ਸਿੰਘ ਮਠਾੜੂ

ਭੋਗ 'ਤੇ ਵਿਸ਼ੇਸ਼:- ਇੰਸਪੈਕਟਰ ਜਗਰੂਪ ਸਿੰਘ ਬਰਾੜ ਸਾਹੋਕੇ



ਠੱਠੀ ਭਾਈ-ਕਿਸਾਨੀ ਸੇਵਾ ਨੂੰ ਸਮਰਪਿਤ ਬਹੁਪੱਖੀ ਸ਼ਖ਼ਸੀਅਤ ਇੰਸਪੈਕਟਰ ਜਗਰੂਪ ਸਿੰਘ ਬਰਾੜ ਦਾ ਜਨਮ ਪਿਤਾ ਬਲਵੰਤ ਸਿੰਘ ਬਰਾੜ ਦੇ ਗ੍ਰਹਿ ਵਿਖੇ ਮਾਤਾ ਰਣਜੀਤ ਕੌਰ ਦੀ ਕੁੱਖੋਂ 20 ਫਰਵਰੀ 1940 ਨੂੰ ਪਿੰਡ ਸਾਹੋਕੇ ਵਿਖੇ ਹੋਇਆ। ਆਪ ਨੇ ਬਰਗਾੜੀ ਦੇ ਸਰਕਾਰੀ ਸਕੂਲ ਤੋਂ ਦਸਵੀਂ ਦੀ ਪੜ੍ਹਾਈ ਕਰਨ ਉਪਰੰਤ ਕੋਅਪਰੇਟਿਵ ਸੁਸਾਇਟੀ 'ਚ ਸਭ ਇੰਸਪੈਕਟਰ ਤੌਰ 'ਤੇ ਭਰਤੀ ਹੋ ਕੇ ਕਿਸਾਨਾਂ ਲਈ ਸੇਵਾਵਾਂ ਨਿਭਾਈਆਂ। ਆਪ ਦਾ ਵਿਆਹ ਸੂਬੇਦਾਰ ਸੁਖਮੰਦਰ ਸਿੰਘ ਗਿੱਲ ਵਾਸੀ ਲੱਲੇ (ਫ਼ਿਰੋਜ਼ਪੁਰ) ਦੀ ਸਪੁੱਤਰੀ ਸੁਰਜੀਤ ਕੌਰ ਨਾਲ ਹੋਇਆ ਤੇ ਆਪ ਦੇ ਘਰ ਇਕ ਪੁੱਤਰ ਰਾਜਬਰਿੰਦਰ ਸਿੰਘ ਲਾਲੀ ਤੇ ਇਕ ਧੀ ਮਨਿੰਦਰ ਕੌਰ ਨੇ ਜਨਮ ਲਿਆ ਜਿਨ੍ਹਾਂ ਨੂੰ ਚੰਗੀ ਸਿੱਖਿਆ ਪ੍ਰਦਾਨ ਕਰਵਾਉਣ ਉਪਰੰਤ ਉਨ੍ਹਾਂ ਦੇ ਚੰਗੇ ਘਰਾਨਿਆਂ 'ਚ ਵਿਆਹ ਕੀਤੇ। ਆਪ ਜੀ ਦੀਆਂ ਸਿੱਖਿਆਵਾਂ ਸਦਕਾ ਆਪ ਦਾ ਪੋਤਰਾ ਬਲਦੀਪ ਸਿੰਘ ਬਰਾੜ ਡਿਪਟੀ ਮੈਨੇਜਰ ਵੇਰਕਾ ਵਜੋਂ ਸੇਵਾਵਾਂ ਨਿਭਾਉਂਦੇ ਹੋਏ ਪਰਿਵਾਰ ਦਾ ਨਾਂਅ ਰੌਸ਼ਨ ਕਰ ਰਿਹਾ ਹੈ। ਕੋਆਪਰੇਟਿਵ ਇੰਸਪੈਕਟਰ ਹੁੰਦਿਆਂ ਆਪ ਪੰਜਗਰਾਈਂ ਕਲਾਂ, ਸਾਦਿਕ ਵਿਖੇ ਸੇਵਾਵਾਂ ਨਿਭਾਉਣ ਉਪਰੰਤ 28 ਫਰਵਰੀ 1998 ਨੂੰ ਗੋਲੇਵਾਲਾ (ਫ਼ਰੀਦਕੋਟ) ਤੋਂ ਸੇਵਾ ਮੁਕਤ ਹੋਏ। ਆਪ ਬੀਤੇ 20 ਨਵੰਬਰ ਨੂੰ ਸਵੇਰੇ ਸਦੀਵੀ ਵਿਛੋੜਾ ਦਿੰਦਿਆਂ ਗੁਰੂ ਚਰਨਾਂ 'ਚ ਜਾ ਬਿਰਾਜੇ। ਆਪ ਜੀ ਨਮਿਤ ਰੱਖੇ ਸਹਿਜ ਪਾਠ ਦਾ ਭੋਗ 28 ਨਵੰਬਰ 2025 ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸਾਹਿਬ ਪਿੰਡ ਸਾਹੋਕੇ ਜ਼ਿਲ੍ਹਾ ਮੋਗਾ ਵਿਖੇ ਦੁਪਹਿਰ 12 ਤੋਂ 1:00 ਵਜੇ ਤੱਕ ਪਵੇਗਾ।

-ਜਗਰੂਪ ਸਿੰਘ ਮਠਾੜੂ

ਜਬੇਲ ਕੁਮਾਰ ਨੇ ਵਿਦਿਆਰਥੀ ਵਿਧਾਨ ਸਭਾ ਸੈਸ਼ਨ 'ਚ ਧਰਮਕੋਟ ਹਲਕੇ ਦਾ ਨਾਂਅ ਚਮਕਾਇਆ

ਧਰਮਕੋਟ, 27 ਨਵੰਬਰ (ਪਰਮਜੀਤ ਸਿੰਘ)-ਪੰਜਾਬ ਸਰਕਾਰ ਵਲੋਂ ਸੰਵਿਧਾਨ ਦਿਵਸ ਦੇ ਮੌਕੇ 'ਤੇ ਵਿਦਿਆਰਥੀਆਂ ਲਈ ਇਕ ਵਿਸ਼ੇਸ਼ ਸਟੂਡੈਂਟ ਲੈਜਿਸਲੇਟਰ ਸੈਸ਼ਨ ਕਰਵਾਇਆ ਗਿਆ, ਜਿਸ 'ਚ ਰਾਜ ਦੇ ਹਰ ਵਿਧਾਨ ਸਭਾ ਹਲਕੇ ਤੋਂ ਸਰਕਾਰੀ ਸਕੂਲ ਦੇ ਚੁਣੇ ਹੋਏ ਵਿਦਿਆਰਥੀਆਂ ਨੇ ਬਤੌਰ ਐਮ.ਐਲ.ਏ. ਹਿੱਸਾ ਲਿਆ। ਇਸ ਮਹੱਤਵਪੂਰਨ ਮੰਚ 'ਤੇ ਹਲਕਾ ਧਰਮਕੋਟ ਦੀ ਨੁਮਾਇੰਦਗੀ ਜਲਾਲਾਬਾਦ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਜਬੇਲ ਕੁਮਾਰ ਨੇ ਕੀਤੀ। ਜਬੇਲ ਕੁਮਾਰ ਜੋ ਬਚਪਨ ਤੋਂ ਧਰਮਕੋਟ ਦੇ ਸਮਾਜ ਸੇਵੀ ਇਕਬਾਲਦੀਪ ਸਿੰਘ ਹੈਰੀ ਦੇ ਪਰਿਵਾਰ ਕੋਲ ਰਹਿ ਕੇ ਆਪਣੀ ਪੜ੍ਹਾਈ ਜਾਰੀ ਰੱਖ ਰਿਹਾ ਹੈ, ਨੇ ਇਸ ਵਿਸ਼ੇਸ਼ ਸੈਸ਼ਨ ਦੌਰਾਨ ਬੇਹੱਦ ਆਤਮ-ਵਿਸ਼ਵਾਸ ਨਾਲ ਆਪਣੇ ਹਲਕੇ ਦੀਆਂ ਜ਼ਰੂਰਤਾਂ ਤੇ ਮੁੱਦਿਆਂ ਨੂੰ ਪੰਜਾਬ ਵਿਧਾਨ ਸਭਾ ਦੇ ਫਲੋਰ 'ਤੇ ਰੱਖਿਆ। ਉਸ ਨੇ ਬਤੌਰ ਦਵਿੰਦਰਜੀਤ ਸਿੰਘ ਲਾਡੀ ਢੋਸ ਹਿੱਸਾ ਲਿਆ। ਸੈਸ਼ਨ ਦੌਰਾਨ ਜਬੇਲ ਕੁਮਾਰ ਨੇ ਹਲਕਾ ਧਰਮਕੋਟ ਦੀਆਂ ਵਿਕਾਸੀ ਲੋੜਾਂ 'ਤੇ ਵੱਖ-ਵੱਖ ਮੁੱਦੇ ਉਠਾਏ। ਉਸ ਨੇ ਸੜਕਾਂ ਦੀ ਸੁਧਾਰ, ਸਿੱਖਿਆ ਸੰਬੰਧੀ ਸਹੂਲਤਾਂ ਦੀ ਮਜ਼ਬੂਤੀ, ਸਿਹਤ ਸੇਵਾਵਾਂ ਦੀ ਉਪਲਬਧਤਾ ਤੇ ਯੁਵਾ ਲਈ ਰੋਜ਼ਗਾਰ ਦੇ ਮੌਕਿਆਂ ਵਧਾਉਣ ਵਰਗੇ ਮੁੱਦਿਆਂ 'ਤੇ ਪੰਜਾਬ ਸਰਕਾਰ ਦਾ ਧਿਆਨ

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਲਾਲਾਬਾਦ ਦਾ ਵਿਦਿਆਰਥੀ ਜਬੇਲ ਕੁਮਾਰ।

ਖਿੱਚਿਆ। ਇਸ ਤੋਂ ਇਲਾਵਾ ਜਬੇਲ ਕੁਮਾਰ ਨੇ ਵਿਧਾਨ ਸਭਾ 'ਚ ਖ਼ਾਸ ਤੌਰ 'ਤੇ ਪੰਜਾਬ ਸਰਕਾਰ ਨੂੰ ਧਰਮਕੋਟ ਹਲਕੇ ਦੇ ਵਿਕਾਸ ਲਈ ਵਾਧੂ ਗਰਾਂਟਾਂ ਜਾਰੀ ਕਰਨ ਦੀ ਮੰਗ ਵੀ ਕੀਤੀ। ਉਸ ਦਾ ਕਹਿਣਾ ਸੀ ਕਿ ਹਲਕੇ ਦੇ ਬਹੁਤ ਸਾਰੇ ਪਿੰਡ ਅਜੇ ਵੀ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਤੇ ਰਾਜ ਸਰਕਾਰ ਵਲੋਂ ਖ਼ਾਸ ਧਿਆਨ ਤੇ ਬਜਟ ਦੀ ਲੋੜ ਹੈ। ਇਕਬਾਲਦੀਪ ਸਿੰਘ ਹੈਰੀ ਨੇ ਵਿਧਾਨ ਸਭਾ ਦੇ ਸੈਸ਼ਨ ਦੀ ਕਾਰਵਾਈ ਦੇਖਦਿਆਂ ਹੋਇਆਂ ਨੇ ਜਬੇਲ ਕੁਮਾਰ ਦੇ ਹਿੰਮਤੀ ਤੇ ਸੁਚੱਜੇ ਪੇਸ਼ਕਾਰੀ ਕੀਤੀ ਤੇ ਇਸ ਗੱਲ ਦੀ ਪ੍ਰਸ਼ੰਸਾ ਕੀਤੀ ਕਿ ਨੌਜਵਾਨ ਪੀੜ੍ਹੀ ਲੋਕਤੰਤਰਿਕ ਪ੍ਰਕਿਰਿਆ ਨੂੰ ਸਮਝਣ ਤੇ ਆਪਣੇ ਹੱਕ-ਮੁੱਦੇ ਬੁਲੰਦ ਕਰਨ 'ਚ ਬੇਹੱਦ ਅੱਗੇ ਆ ਰਹੀ ਹੈ। ਇਕਬਾਲਦੀਪ ਸਿੰਘ ਹੈਰੀ ਦੇ ਪਰਿਵਾਰ ਨੇ ਵੀ ਜਬੇਲ ਦੀ ਇਸ ਪ੍ਰਾਪਤੀ 'ਤੇ ਮਾਣ ਜਤਾਉਂਦੇ ਹੋਏ ਕਿਹਾ ਕਿ ਉਹ ਸਿਰਫ਼ ਆਪਣੇ ਘਰ ਦਾ ਨਹੀਂ, ਸਗੋਂ ਸਾਰੇ ਧਰਮਕੋਟ ਦਾ ਨਾਂਅ ਚਮਕਾ ਕੇ ਆਇਆ ਹੈ। ਜਬੇਲ ਵਲੋਂ ਪੇਸ਼ ਕੀਤੇ ਮੁੱਦੇ ਹਲਕੇ ਦੀਆਂ ਤਥਸਥ ਸਮੱਸਿਆਵਾਂ ਦਾ ਦਰਸਾਉਂਦੇ ਹਨ ਤੇ ਉਮੀਦ ਹੈ ਕਿ ਸਰਕਾਰ ਇਸ ਉਪਰਾਲੇ ਨੂੰ ਗੰਭੀਰਤਾ ਨਾਲ ਲਏਗੀ। ਪੰਜਾਬ ਸਰਕਾਰ ਦੇ ਇਸ ਵਿਦਿਆਰਥੀ ਵਿਧਾਨ ਸਭਾ ਸੈਸ਼ਨ ਨੂੰ ਨੌਜਵਾਨਾਂ ਨੂੰ ਲੋਕਤੰਤਰ, ਵਿਧਾਨ ਪ੍ਰਕਿਰਿਆ ਤੇ ਜ਼ਿੰਮੇਵਾਰ ਨਾਗਰਿਕਤਾ ਨਾਲ ਜੋੜਨ ਵੱਲ ਇਕ ਮਹੱਤਵਪੂਰਨ ਕਦਮ ਵਜੋਂ ਦੇਖਿਆ ਜਾ ਰਿਹਾ ਹੈ।

ਮੋਗਾ ਦਾ ਅਗਾਂਹਵਧੂ ਕਿਸਾਨ ਜੈਦੀਪ ਸਿੰਘ ਸੰਘਾ ਬਣਿਆ ਰੋਲ ਮਾਡਲ

ਕੇਂਦਰੀ ਖੇਤੀਬਾੜੀ ਮੰਤਰੀ ਸ਼੍ਰੀ ਸ਼ਿਵਰਾਜ ਚੌਹਾਨ ਵੀ ਹੋਏ ਪ੍ਰਭਾਵਿਤ

ਮੋਗਾ, 27 ਨਵੰਬਰ (ਗੁਰਤੇਜ ਸਿੰਘ ਬੱਬੀ)-ਅੱਜ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਨੇ ਮੋਗਾ ਜ਼ਿਲ੍ਹੇ ਦਾ ਦੌਰਾ ਕਰਦਿਆਂ ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਅਗਾਂਹਵਧੂ ਕਿਸਾਨ ਜੈਦੀਪ ਸਿੰਘ ਸੰਘਾ ਤੇ ਉਨ੍ਹਾਂ ਦੇ ਸਪੁੱਤਰ ਹਰਪ੍ਰਵੇਸ਼ ਸਿੰਘ ਸੰਘਾ ਜੋ ਕੇ ਖੇਤੀਬਾੜੀ ਮਾਰਕੀਟਿੰਗ ਤੇ ਪੀ.ਐਚ.ਡੀ. ਦੀ ਪੜ੍ਹਾਈ ਕਰ ਰਹੇ ਹਨ, ਨਾਲ ਮੁਲਾਕਾਤ ਕੀਤੀ, ਜੋ ਪਿਛਲੇ 20 ਸਾਲਾਂ ਤੋਂ ਪਰਾਲੀ ਨਹੀਂ ਸਾੜ ਰਹੇ। ਜੈਦੀਪ ਸਿੰਘ ਸੰਘਾ ਪੰਜਾਬ ਦੇ ਉਨ੍ਹਾਂ ਪਹਿਲੇ ਕਿਸਾਨਾਂ ਵਿਚੋਂ ਹਨ ਜਿਨ੍ਹਾਂ ਨੇ ਸੁਪਰੀਮ ਕੋਰਟ ਵਲੋਂ ਪੂਰੀ ਤਰ੍ਹਾਂ ਪਾਬੰਦੀ ਲੱਗਣ ਤੋਂ ਕਾਫੀ ਪਹਿਲਾਂ ਹੀ ਪਰਾਲੀ ਸਾੜਨ ਦੀ ਪ੍ਰਥਾ ਛੱਡ ਕੇ ਇਸ ਨੂੰ ਮਿੱਟੀ ਵਿਚ ਮਿਲਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ। ਮੁਲਾਕਾਤ ਦੌਰਾਨ ਕੇਂਦਰੀ ਮੰਤਰੀ ਸ਼ਿਵਰਾਜ ਚੌਹਾਨ ਨੇ ਜੈਦੀਪ ਸਿੰਘ ਸੰਘਾ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਜੈਦੀਪ ਸਿੰਘ ਸੰਘਾ ਭਾਰਤ ਦੇ ਕਿਸਾਨਾਂ ਲਈ ਇਕ ਪ੍ਰੇਰਣਾਸ੍ਰੋਤ ਹਨ ਤੇ ਦੇਸ਼ ਨੂੰ ਇਨ੍ਹਾਂ ਵਰਗੇ ਸਮਰਪਿਤ ਤੇ ਅਗਾਂਹਵਧੂ ਕਿਸਾਨਾਂ ਦੀ ਲੋੜ ਹੈ। ਇਸ ਮੌਕੇ ਜੈਦੀਪ ਸਿੰਘ ਸੰਘਾ ਨੇ ਆਪਣੇ ਖੇਤੀਬਾੜੀ ਦੇ ਸਫ਼ਰ ਬਾਰੇ ਸਾਂਝਾ ਕਰਦਿਆਂ ਦੱਸਿਆ ਕਿ ਕਿਵੇਂ ਪਰਾਲੀ ਨੂੰ ਨਾ ਸਾੜ ਕੇ ਇਸ ਦਾ ਸੋਇਲ ਮੈਨੇਜਮੈਂਟ ਵਿਚ ਉਪਯੋਗ ਕਰਨ ਨਾਲ ਉਨ੍ਹਾਂ ਨੇ ਮਿੱਟੀ ਦੀ ਉਪਜਾਊ ਸ਼ਕਤੀ ਵਿਚ ਵੱਡਾ ਸੁਧਾਰ ਕੀਤਾ। ਸ਼ਿਵਰਾਜ ਚੌਹਾਨ ਜੈਦੀਪ ਸਿੰਘ ਸੰਘਾ ਦੇ ਕੰਮ ਤੋਂ ਖ਼ਾਸੇ